# ਵਿਸ਼ਵ ਹੁਨਰ ਦਿਵਸ ਮੌਕੇ ਥਾਂ ਥਾਂ ਸਮਾਗਮ ਕਰਵਾਏ

ਨਿੱਜੀ ਪੱਤਰ ਪ੍ਰੇਰਕ
ਮਾਲੇਰਕੋਟਲਾ, 16 ਜੁਲਾਈ

ਇਥੇ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾ ਨੇ ਪ੍ਰਿੰਸੀਪਲ ਇੰਜ. ਅਵਤਾਰ ਸਿੰਘ ਦੀ ਅਗਵਾਈ ਹੇਠ ਵਿਸ਼ਵ ਨੌਜਵਾਨ ਹੁਨਰ ਦਿਵਸ ਮਨਾਇਆ ਜਿਸ ਵਿੱਚ ਅਰਿਹੰਤ ਸਪਿੰਨਿੰਗ ਮਿੱਲ, ਮਾਲੇਰਕੋਟਲਾ ਦੇ ਜਨਰਲ ਮੈਨੇਜਰ ਕੁਲਦੀਪ ਜੈਨ ਮੁੱਖ ਮਹਿਮਾਨ ਅਤੇ ਹਰਫ਼ ਕਾਲਜ ਦੇ ਪ੍ਰਿੰਸੀਪਲ ਇਰਸ਼ਾਦ ਅਹਿਮਦ ਖਾਂ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਪ੍ਰਿੰਸੀਪਲ ਇੰਜੀਨੀਅਰ ਅਵਤਾਰ ਸਿੰਘ ਨੇ ਸਭ ਨੂੰ 'ਜੀ ਆਇਆਂ' ਆਖਿਆ। ਸ੍ਰੀ ਜੈਨ ਨੇ ਨੌਜਵਾਨਾਂ ਨੂੰ ਦੇਸ਼ ਦੀ ਉਸਾਰੀ ਵਿੱਚ ਹਿੱਸਾ ਪਾਉਣ ਲਈ ਪ੍ਰੇਰਿਤ ਕਰਦਿਆਂ ਮਜ਼ਬੂਤ ਰਾਸ਼ਟਰ ਵਿੱਚ ਨੌਜਵਾਨਾਂ ਦੀ ਭੂਮਿਕਾ ਅਤੇ ਦੇਸ਼ ਦੀ ਤਰੱਕੀ ਵਿੱਚ ਹੁਨਰ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ। ਮੁੱਖ ਮਹਿਮਾਨ ਨੇ ਸੰਸਥਾ ਦੇ ਦੋ ਅਧਿਆਪਕਾਂ ਕੰਵਲ ਕ੍ਰਿਸ਼ਨ ਅਤੇ ਕਮਲਜੀਤ ਸਿੰਘ ਨੂੰ ਵਧੀਆ ਕਾਰਗੁਜ਼ਾਰੀ ਲਈ ਸਨਮਾਨਿਤ ਕੀਤਾ ਅਤੇ ਸੈਸ਼ਨ 2013-14 ਦੇ ਪਹਿਲੇ ਦਰਜੇ ਵਿੱਚ ਪਾਸ ਸਿੱਖਿਆਰਥੀਆਂ ਨੂੰ



ਪ੍ਰਿੰਸੀਪਲ ਇੰਜ. ਅਵਤਾਰ ਸਿੰਘ ਵਿਸ਼ਵ ਨੌਜਵਾਨ ਹੁਨਰ ਦਿਵਸ 'ਤੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ। -ਫੋਟੋ: ਰਾਣੂ

ਸਰਟੀਫਿਕੇਟ ਵੰਡੇ। ਇਸ ਮੌਕੇ ਸੰਸਥਾ ਵਿੱਚ ਫ਼ਲਦਾਰ ਅਤੇ ਛਾਂਦਾਰ ਬੂਟੇ ਲਾਏ ਗਏ।

ਲੁਧਿਆਣਾ/ਸੰਗਰੂਰ Fri, 17 July 2015
epaper.punjabitribuneonline.com/c/5904745